# ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ

## ਰਾਗੁ ਗਉੜੀ ੧੧ ॥

## ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ ॥

ਇਹ ਸ਼ਬਦ ਭਗਤ ਕਬੀਰ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਰਾਗ ਗਉੜੀ ਵਿਚ, ਅੰਕ ੩੩੮ ਤੇ ਅੰਕਤ ਹੈ। ਇਸ ਨੂੰ ੧੧ਵੇਂ ਘਰ ਵਿਚ ਗਾਉਣ ਦਾ ਹੁਕਮ ਹੈ। ਇਸ ਵਿਚ ਦੁਆਪਰ ਜੁਗ ਵਿਚ ਪ੍ਰਗਟੇ ਗੁਰ-ਜੋਤਿ ਰੂਪੀ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਦਾ ਬੜੇ ਸੁੰਦਰ ਤੇ ਮਨਮੋਹਕ ਸ਼ਬਦਾਂ ਵਿਚ ਵਰਣਨ ਕੀਤਾ ਗਿਆ ਹੈ।

-- ਭਗਤ ਕਬੀਰ ਜੀ ਇਕ ਸੁੰਦਰ ਨਜ਼ਾਰਾ ਬੰਨ੍ਹਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਇਕ ਥਾਂ ਆਸ ਪਾਸ ਤੁਲਸੀ ਆਦਿ ਸੁਗੰਧਿਤ ਬੂਟਿਆਂ/ਦਰੱਖਤਾਂ ਦੇ ਸੰਘਣੇ ਜੰਗਲ ਦੇ ਬਾਗਾਂ ਦੇ ਵਿਚਾਲੇ, ਇਕ ਸੋਹਣਾ ਜਿਹਾ ਰਸ-ਦਾਇਕ ਪਿੰਡ ਵਸਿਆ ਹੋਇਆ ਹੈ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੩੧੯ ਤੇ, ਫ਼ੁਰਮਾਣ ਕਰਦੇ ਹਨ ਕਿ ਜਿਥੇ ਸਾਧ ਜਨ ਬੈਠਣ ਉਹ ਥਾਂ ਸੁੰਦਰ ਹੋ ਜਾਂਦਾ ਹੈ - 'ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥' ਪਾਤਸ਼ਾਹ ਦੇ ਬਚਨ ਹਨ ਕਿ ਜਿਥੇ ਵਾਹਗੁਰੂ ਦੇ ਜਨ ਵਸਦੇ ਹਨ ਉਹ ਧਰਤੀ ਦਾ ਹਿਸਾ ਸੁਹਾਵਾ ਹੋ ਜਾਂਦਾ ਹੈ - 'ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ..॥', ਪੰਨਾ ੧੦੭. ਇਸੇ ਤਰ੍ਹਾਂ, ਫ਼ਿਰ ਪੰਨਾ ੧੨੦੪ ਤੇ, ਫ਼ੁਰਮਾਣ ਕਰਦੇ ਹਨ ਕਿ ਜਿਥੇ ਪਰਮੇਸ਼ਰ ਦੀ ਸਿਫ਼ਤ ਸਲਾਹ ਕਰਣ ਵਾਲੇ ਸਾਧੂ ਦੀ ਸੰਗਤਿ ਹੁੰਦੀ ਹੋਵੇ, ਉਥੇ ਸੰਘਣੀ ਖੁਸ਼ਬੋ ਅਤੇ ਫ਼ਲਾਂ ਦੇ ਬਾਗ਼ਾਂ ਦਾ ਅਨੰਦ ਆਪ ਹੀ ਆ ਜਾਂਦਾ ਹੈ - 'ਜਹਾਂ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ॥'

ਜਿਥੇ ਸਾਧੂ ਬੈਠਦਾ ਹੈ ਉਥੇ ਰੀਠੇ ਵੀ ਮਿਠੇ ਹੋ ਜਾਂਦੇ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਦਿਲੀ ਵਿਖੇ, ਰਾਜਾ ਜੈ ਸਿੰਘ ਦੇ ਬਾਗ਼ ਵਿਚ ਉਹ ਫ਼ਲ ਵੀ ਹੋ ਜਾਦੇ ਹਨ ਜੋ ਉਸ ਇਲਾਕੇ ਵਿਚ ਹੁੰਦੇ ਹੀ ਨਹੀਂ ਸਨ। ਜਿਥੇ ਗੁਰੂ/ਸਾਧੂ ਵਸਦਾ ਹੋਵੇ, ਉਥੇ ਖੁਸ਼ਬੋ ਅਤੇ ਬਾਗ਼ ਆਪੇ ਹੋ ਜਾਂਦੇ ਹਨ। ਅਨੇਕਾਂ ਐਸੇ ਅਸਥਾਨ ਮੌਜੂਦ ਹਨ ਜਿਥੇ ਗੁਰੂ, ਸਾਧੂ, ਸੰਤ ਜਨਾਂ ਦੀ ਕਿਰਪਾ ਨਾਲ ਅਸਥਾਨ ਪ੍ਰਭੂ ਦੇ ਨਾਮ ਦੀ ਕਿਰਪਾ ਸਦਕਾ ਰਸਦਾਇਕ ਹੋ ਗਏ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨ ਪੈਣ ਨਾਲ ਪਟਨਾ ਸਾਹਿਬ ਵਿਖੇ ਉਜੜਿਆ ਬਾਗ ਹਰਿਆ ਹੋ ਗਿਆ ਸੀ।

## ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ ॥੧॥

-- ਉਸ ਪਿੰਡ ਵਿਚ ਸੁੰਦਰ ਸਰੂਪ ਵਾਲਾ ਮਨਮੋਹਕ ਸ੍ਰੀ ਕ੍ਰਿਸ਼ਨ ਰਹਿੰਦਾ ਹੈ, ਜਿਸ ਦਾ ਸਰੂਪ ਦੇਖ ਕੇ ਮੈਂ ਗੁਆਲਣ ਮੋਹੀ ਗਈ ਹਾਂ ਅਤੇ ਉਸ ਦੇ ਦਰਸ਼ਨ ਕੀਤੇ ਬਗੈਰ ਨਹੀਂ ਰਹਿ ਸਕਦੀ, ਜਿਸ ਕਰ ਕੇ ਤਰਲਾ ਕਰਦੀ ਹਾਂ ਕਿ ਹੇ ਕ੍ਰਿਸ਼ਨ ! ਹੁਣ ਤੂੰ ਮੇਰੇ ਕੋਲ ਹੀ ਰਹੀਂ, ਮੈਨੂੰ ਛਡ ਕੇ ਕਿਤੇ ਜਾਈਂ ਆਈਂ ਨਾ।

ਜਦੋਂ ਸ੍ਰੀ ਕ੍ਰਿਸ਼ਨ ਜੀ ਨੇ ਛਡ ਕੇ ਮਥੁਰਾ ਜਾਣ ਦੀ ਗਲ ਹੀ ਕੀਤੀ ਸੀ ਤਾਂ ਇਨ੍ਹਾਂ ਗੁਆਲਣਾਂ ਦੀ ਹਾਲਤ ਤਰਸਯੋਗ ਹੋ ਗਈ ਸੀ ਜਿਵੇਂ ਇਨ੍ਹਾਂ ਦਾ ਸਭ ਕੁਝ ਹੀ ਗੁਆਚ ਗਿਆ ਹੋਵੇ।

ਕਿਉਂਕਿ ਉਹ ਤਾਂ ਭਗਵਾਨ ਜੀ ਨੂੰ ਮਿਲ ਕੇ ਗੁਆਲਣ ਇਹ ਮੰਨਦੀ ਹੈ ਕਿ ਜਿਵੇਂ ਜਨਮਾਂ ਜਨਮਾਂ ਦੀ ਸੁਤੀ ਹੋਈ ਦੇ ਭਾਗ ਜਾਗ ਪਏ ਹਨ, ਜਿਵੇਂ, ੨੦੪ ਪੰਨੇ ਤੇ, ਸ੍ਰੀ ਗੁਰੂ ਅਰਜਨ ਸਾਹਿਬ ਇਸੇ ਵਲਵਲੇ ਦਾ ਜ਼ਿਕਰ ਕਰਦੇ ਹਨ - 'ਜਨਮ ਜਨਮ ਕੀ ਸੋਈ ਜਾਗੀ॥' ਗੋਪੀਆਂ, ਸ੍ਰੀ ਕ੍ਰਿਸ਼ਨ ਜੀ ਨਾਲ ਰਹਿ ਕੇ ਕੁਝ ਇੰਞ ਤਰਲਾ ਕਰਦੀਆਂ ਸਨ ਕਿ ਹੁਣ ਤੂੰ, ਕਿਧਰੇ ਸਾਨੂੰ ਛਡ ਕੇ ਨਾ ਚਲਾ ਜਾਈਂ। ਤੇਰੇ ਬਿਨਾਂ ਅਸੀਂ ਕਿਸੇ ਕੰਮ ਦੀਆਂ ਨਹੀਂ, ਤੂੰ ਸਾਡੇ ਨਾਲ ਕਰਾਰ ਕਰ। ਅਜਿਹੇ ਹੀ ਵਲਵਲੇ ਦਾ, ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੧੦੭੩ ਤੇ, ਇਉਂ ਜ਼ਿਕਰ ਕੀਤਾ ਹੈ - 'ਧਨ ਕਹੈ ਤੂ ਵਸੁ ਮੈ ਨਾਲੇ॥ ਪ੍ਰਿਅ ਸੁਖਵਾਸੀ ਬਾਲ ਗੁਪਾਲੇ॥ ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ॥' ਸ੍ਰੀ ਕ੍ਰਿਸ਼ਨ ਜੀ ਨੇ, ਆਪਣੇ ਭਰਾ, ਊਧਵ ਨੂੰ, ਉਨ੍ਹਾਂ ਗੁਆਲਣਾਂ ਦੇ ਗੁਰੂ-ਪ੍ਰੇਮ ਨੂੰ, ਉਤਮ ਅਵੱਸਥਾ ਸਾਬਤ ਕਰ ਵਿਖਾਇਆ ਸੀ, ਜਿਸ ਕਾਰਣ ਊਧਵ ਵੀ ਗਿਆਨ ਦਾ ਹੰਕਾਰ ਛਡ ਕੇ ਗੁਰੂ ਭਗਤੀ ਵਲ ਲਗ ਗਿਆ ਸੀ।

**ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ॥**

**ਸੋ ਮਿਲੈ ਜੋ ਬਡਭਾਗੋ ॥੧॥ ਰਹਾਉ ॥**

-- ਹੇ ਸ੍ਰਿਸ਼ਟੀ ਦੇ ਸੁਆਮੀ ! ਮੇਰਾ ਮਨ ਤੇਰੇ ਚਰਣਾਂ ਦੇ ਨਾਲ ਲਗ ਗਿਆ ਹੈ। ਪਰ ਤੈਨੂੰ ਮਿਲ ਉਹੀ ਸਕਦਾ ਹੈ ਜਿਸ ਦੇ ਉਤਮ ਭਾਗ ਹੋਣ।੧।ਰਹਾਉ।

'ਸਾਰਿੰਗ' ਸ਼ਬਦ ਦੇ ਕਈ ਅਰਥਾਂ ਵਿਚੋਂ ਇਥੇ ਅਰਥ 'ਧਰਤੀ' ਹੈ ਅਤੇ 'ਸਾਰਿੰਗਧਰ' ਜਿਸਨੇ ਧਰਤੀ ਧਾਰਣ ਕੀਤੀ ਹੋਈ ਹੈ, ਭਾਵ 'ਸ੍ਰਿਸ਼ਟੀ ਦਾ ਸੁਆਮੀ'। 'ਸਾਰਿੰਗ' ਦਾ ਅਰਥ 'ਸਿੰਗਾਂ ਦੇ ਟੁਕੜੇ ਜੋੜ ਕੇ ਬਣਾਇਆ ਹੋਇਆ ਧਨੁਖ' ਵੀ ਹੈ, ਜੋ ਸ੍ਰੀ ਕ੍ਰਿਸ਼ਨ ਜੀ ਧਾਰਣ ਕਰਦੇ ਸਨ। 'ਸਾਰਿੰਗ' ਦਾ ਅਰਥ 'ਛਤਰ' ਵੀ ਹੈ, ਜੋ 'ਪ੍ਰਭੁਸਤਾ' ਜਾਂ 'Sovereignty' ਦਾ ਪ੍ਰਤੀਕ ਹੈ। ਛਤਰ, ਸ੍ਰੀ ਕ੍ਰਿਸ਼ਨ ਜੀ ਦੇ ਉਪਰ ਵੀ ਝੁਲਦਾ ਸੀ। 'ਸਾਰਿੰਗ' ਦਾ ਅਰਥ ਪਰਬਤ ਵੀ ਹੈ। ਸ੍ਰੀ ਕ੍ਰਿਸ਼ਨ ਜੀ ਨੇ ਗੋਵਰਧਨ ਪਰਬਤ ਧਾਰਣ ਕੀਤਾ ਸੀ, ਜਿਸ ਕਰ ਕੇ ਉਨ੍ਹਾਂ ਨੂੰ ਗੁਰਬਾਣੀ ਵਿਚ 'ਗੋਵਰਧਨ ਧਾਰੀ' ਵੀ ਕਿਹਾ ਗਿਆ ਹੈ। 'ਸਾਰਿੰਗਧਰ' ਦੇ ਇਹ ਸਾਰੇ ਹੀ ਅਰਥ ਸ੍ਰੀ ਕ੍ਰਿਸ਼ਨ ਜੀ ਦੇ ਸੰਦਰਭ ਵਿਚ ਸਹੀ ਹਨ।

ਪੰਜਵੇਂ ਪਾਤਸ਼ਾਹ, ਪੰਨਾ ੧੧੯੨ ਤੇ, ਫ਼ੁਰਮਾਣ ਕਰਦੇ ਹਨ ਕਿ ਜਿਸ ਪ੍ਰਾਣੀ ਦੇ ਵਡੇ ਭਾਗ ਹੁੰਦੇ ਹਨ ਉਸ ਨੂੰ ਹੀ ਇਹ ਪ੍ਰਾਪਤੀ ਹੁੰਦੀ ਹੈ - 'ਏਵਡ ਭਾਗ ਹੋਹਿ ਜਿਸੁ ਪ੍ਰਾਣੀ॥ ਸੋ ਪਾਏ ਇਹੁ ਪਦੁ ਨਿਰਬਾਣੀ॥' ਗੁਰੂ ਦੇ ਨਾਲ ਲਗੀ ਪ੍ਰੇਮਾ-ਭਗਤੀ ਦਾ ਰੰਗ ਬੰਨ੍ਹਦੇ ਹੋਏ, ਪੰਚਮ ਪਾਤਸ਼ਾਹ ਪੰਨਾ ੧੦੯ ਤੇ, ਫ਼ੁਰਮਾਣ ਕਰਦੇ ਹਨ ਕਿ ਜਿਸਦੇ ਮਨ ਵਿਚ ਇਹ ਪ੍ਰੇਮ ਜਾਗ ਪੈਂਦਾ ਹੈ ਉਹ ਦਿਨ ਰਾਤ ਉਸ ਦੀ ਯਾਦ ਵਿਚ ਜਾਗ੍ਰਿਤ ਰਹਿੰਦਾ ਹੈ। ਫ਼ਿਰ, ਗੁਰੂ ਉਸ ਦੀ ਬਾਂਹ ਫ਼ੜ੍ਹ ਕੇ ਆਪਣੇ ਨਾਲ ਮੇਲ ਲੈਂਦਾ ਹੈ, ਜਿਸ ਦੇ ਮਸਤਕ ਤੇ, ਧੁਰੋਂ ਇਹ ਮੇਲ ਲਿਖਿਆ ਹੁੰਦਾ ਹੈ - 'ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ॥ ਗੁਣ ਗਾਵੈ ਅਨਦਿਨੁ ਨਿਤਿ ਜਾਗੀ॥ ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ ਮਸਤਕਿ ਲਹਣਾ॥'

**ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ ॥**

-- ਕਿਉਂਕਿ ਬਿੰਦਰਾਬਨ ਦੇ ਜੰਗਲ ਵਿਚ ਮਹਾਰਾਜ ਸ੍ਰੀ ਕ੍ਰਿਸ਼ਨ ਜੀ ਗਊਆਂ ਚਾਰਦੇ ਹਨ ਇਸੇ ਕਰਕੇ ਬਿੰਦਰਾਬਨ ਮਨ ਨੂੰ ਮੋਹ ਕੇ ਹਰ ਲੈਣ ਵਾਲਾ ਹੈ।

ਭਗਤ ਨਾਮਦੇਵ ਜੀ ਇਸੇ ਕਰਕੇ ਬਿੰਦਰਾਬਨ ਦੇ ਉਸ ਹਿਸੇ ਨੂੰ ਧੰਨ ਕਹਿੰਦੇ ਹਨ ਜਿਥੇ ਨਾਰਾਇਣ ਰੂਪ ਸ੍ਰੀ ਕ੍ਰਿਸ਼ਨ ਜੀ ਖੇਡੇ ਅਤੇ ਉਥੇ ਉਹ ਬੰਸਰੀ ਵਜਾ ਕੇ ਅਨੰਦ ਕਰਦੇ ਅਤੇ ਵੰਡਦੇ ਰਹੇ - 'ਧਨਿ ਧਨਿ ਬਨਖੰਡ ਬਿੰਦ੍ਰਾਬਨਾ॥ ਜਹ ਖੇਲੈ ਸ੍ਰੀ ਨਾਰਾਇਨਾ॥ ਬੇਨੁ ਬਜਾਵੈ ਗੋਧਨੁ ਚਰੈ॥ ਨਾਮੇ ਕਾ ਸੁਆਮੀ ਆਨਦ ਕਰੈ॥', ਪੰਨਾ ੯੮੮. ਭਗਤ ਨਾਮਦੇਵ ਜੀ ਦੇ ਇਸ ਸ਼ਬਦ ਬਾਰੇ ਇਹ ਕੁਤੱਰਕ ਵਰਤਿਆ ਜਾਂਦਾ ਹੈ ਕਿ 'ਰਾਮ' ਤੇ 'ਰਮਈਆ' ਸ਼ਬਦ ਇਸ ਲਈ ਵਰਤੇ ਹਨ ਕਿ ਕਿਤੇ ਇਹ ਭੁਲੇਖਾ ਨਾ ਲਗੇ ਕਿ ਇਹ ਸ਼ਬਦ ਸ੍ਰੀ ਕ੍ਰਿਸ਼ਨ ਜੀ ਦੇ ਪਰਥਾਇੰ ਵਰਤਿਆ ਹੈ। ਪਰ ਸਮੁਚੀ ਗੁਰਬਾਣੀ ਵਿਚ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਇਕ ਜੋਤਿ ਮੰਨਿਆਂ ਗਿਆ ਹੈ ਜਿਸ ਕਰ ਕੇ ਦੋਹੇਂ ਨਾਂ ਇਕੱਠੇ ਵਰਤੇ ਗਏ ਹਨ। ਬਾਣੀ ਵਿਚ ਗੁਰ-ਜੋਤਿ ਦੀ ਨਿਰੰਤਰਤਾ ਦਸੀ ਗਈ ਹੈ ਜੋ ਜੁਗਾਂ ਤੋਂ ਵਖ ਵਖ ਨਾਂ ਧਰਾ ਕੇ ਅਵਤਰਿਤ ਹੁੰਦੀ ਆਈ ਹੈ। ਭਗਤ ਨਾਮਦੇਵ ਜੀ ਸ੍ਰੀ ਰਾਮ ਚੰਦਰ ਜੀ ਨੂੰ ਵੀ ਸਪੱਸ਼ਟ ਤੌਰ ਤੇ ਆਪਣਾ ਸੁਆਮੀ ਕਹਿ ਰਹੇ ਹਨ - 'ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ॥ ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥', ਪੰਨਾ ੬੫੭. ਇਸੇ ਗੁਰ-ਜੋਤਿ ਨੇ ਭਗਤ ਧ੍ਰੂ ਅਤੇ ਪ੍ਰਹਿਲਾਦ ਦਾ ਵੀ ਉਧਾਰ ਕੀਤਾ ਸੀ। ਹਰ ਸਮੇਂ ਇਹ ਗੁਰ-ਜੋਤਿ ਭਗਤਾਂ ਦੀ ਖਾਤਰ ਪ੍ਰਗਟ ਹੁੰਦੀ ਆਈ ਹੈ।

**ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ ॥੨॥੨॥੧੫॥੬੬॥**

-- ਹੇ ਜਗਤ ਦੇ ਮਾਲਕ ਮਹਾਰਾਜ ਸ੍ਰੀ ਕ੍ਰਿਸ਼ਨ ਜੀਓ ! ਉਨ੍ਹਾਂ ਗੁਆਲਣਾਂ ਦਾ ਵੀ ਤੇ ਮੇਰਾ ਵੀ ਠਾਕੁਰ, ਭਾਵ ਸੁਆਮੀ ਵੀ ਤੂੰ ਹੀ ਹੈਂ, ਰਤਾ ਕੁ ਇਧਰ ਵੀ ਨਿਗਾਹ ਕਰ ਦੇ, ਮੈਂ ਗਰੀਬ, ਜਿਸ ਦਾ ਨਾਉਂ ਕਬੀਰ ਹੈ, ਵੀ ਇਧਰ ਖੜ੍ਹਾ ਤੈਨੂੰ ਹੀ ਤੱਕ ਰਿਹਾ ਹਾਂ।

ਅਜਿਹਾ ਹੀ ਤਰਲਾ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦੀਆਂ ਇਨ੍ਹਾਂ ਪੰਕਤੀਆਂ ਵਿਚ ਹੈ। ਆਪ, ਪੰਨਾ ੯੪ ਤੇ, ਫ਼ੁਰਮਾਣ ਕਰਦੇ ਹਨ ਕਿ ਮੇਰੇ ਮਨ ਤਨ ਵਿਚ ਗੁਰੂ ਨੂੰ ਮਿਲਣ ਦੀ ਤੜਪ ਹੈ, ਕਿਰਪਾ ਕਰਕੇ, ਦਇਆ ਕਰੋ ਤੇ ਮੇਰਾ, ਗੁਰੂ ਨਾਲ ਮਿਲਾਪ ਕਰਵਾ ਦਿਓ, ਜਿਸ ਨਾਲ ਮੇਰਾ ਮਨ ਖਿੜ ਜਾਏਗਾ - 'ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ॥ ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ ਜੀਉ॥'

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਵਿਚ ਪੰਨਾ ੯੫੯ ਤੇ ਇਉਂ ਅੰਕਿਤ ਹੈ - 'ਕਰਮਹੀਣੁ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ॥ ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ॥', ਭਾਵ, ਮੈਂ ਭਾਗਹੀਣ ਇਸਤਰੀ, ਬੇਨਤੀ ਕਰਦੀ ਹਾਂ ਕਿ ਸਭ ਸੁਹਾਗਣਾਂ, ਕੰਤ ਪ੍ਰਭੂ ਨਾਲ ਰੰਗ-ਰਲੀਆਂ ਮਾਣ ਰਹੀਆਂ ਹਨ, ਮੇਰੀ ਵਾਰੀ ਕਦੋਂ ਆਏਗੀ, ਹੀ ਮੁਰਾਰੀ ! ਮੈਨੂੰ ਵੀ ਇਕ ਰਾਤ ਬਖਸ਼ ਦਿਉ। ਆਪਣੀ ਅਜਿਹੀ ਹੀ ਅਵਸਥਾ, ਭਗਤ ਕਬੀਰ ਜੀ ਨੇ ਸ਼ਬਦ ਦੀਆਂ ਆਖਰੀ ਪੰਕਤੀਆਂ ਵਿਚ ਦਸੀ ਹੈ। ਭਗਤ ਜੀ, ਸ੍ਰੀ ਕ੍ਰਿਸ਼ਨ ਜੀ ਦਾ ਨਾਂ ਲੈ ਕੇ ਆਪਣਾ ਪ੍ਰੇਮ, ਪੰਨਾ ੩੩੫ ਤੇ, ਇਉਂ ਜ਼ਾਹਿਰ ਕਰਦੇ ਹਨ ਕਿ ਹੇ ਸਾਂਵਲੇ ਸੁੰਦਰ

ਮੇਰੇ ਰਾਮ (ਪ੍ਰਭੂ), ਮੇਰਾ ਮਨ ਤੇਰੇ ਚਰਨਾਂ ਵਿਚ ਲਗ ਗਿਆ ਹੈ - 'ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥'

ਸਾਰੇ ਸ਼ਬਦ ਵਿਚ ਅਤਿਅੰਤ ਮਨਮੋਹਕ ਅਲਫ਼ਾਜ਼ ਵਿਚ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਗਾਈ ਗਈ ਹੈ।

